brampton.ca BRAMPTON Flower City

media release

ਤੁਰੰਤ ਰਿਲੀਜ ਲਈ

# ਪ੍ਰਸਿੱਧ ਅੰਤਰਰਾਸ਼ਟਰੀ ਮਾਹਰ ਬ੍ਰੈਂਪਟਨ 2040 ਸਪੀਕਰ ਸੀਰੀਜ ਪੇਸ਼ ਕਰਨਗੇ

ਬ੍ਰੈਂਪਟਨ, ਓਨਟੈਰੀਓ (9 ਜਨਵਰੀ, 2020) – ਸਿਟੀ ਆਫ ਬ੍ਰੈਂਪਟਨ ਸਾਰੇ ਨਿਵਾਸੀਆਂ ਨੂੰ ਬ੍ਰੈਂਪਟਨ 2040 ਸਪੀਕਰ ਸੀਰੀਜ (Brampton 2040 Speaker Series) ਵਿੱਚ ਸ਼ਾਮਲ ਹੋਣ ਦਾ ਸੱਦਾ ਦਿੰਦੀ ਹੈ। ਇਹ ਅੰਤਰਰਾਸ਼ਟਰੀ ਲੀਡਰਾਂ ਨੂੰ ਪੇਸ਼ ਕਰਨ ਵਾਲਾ ਇੱਕ ਮੁਫ਼ਤ ਅਤੇ ਰੋਮਾਂਚਕ ਕਾਰਜਕਰਮ ਹੈ, ਜਿਹਨਾਂ ਨੇ ਦੁਨੀਆਭਰ ਦੇ ਸ਼ਹਿਰਾਂ ਵਿੱਚ ਪਰਿਵਰਤਨਕਾਰੀ ਤਬਦੀਲੀ ਨੂੰ ਸਫਲ ਰੂਪ ਨਾਲ ਲਾਗੂ ਕੀਤਾ ਹੈ।

ਇਸ ਬਹੁ-ਦਿਵਸ ਸਮਾਰੋਹ ਵਿੱਚ, ਬ੍ਰੈਂਪਟਨ ਵਾਸੀ ਦਸ ਮਸ਼ਹੂਰ ਬੁਲਾਰਿਆਂ ਦੀ ਰਾਏ ਸੁਣਨਗੇ ਅਤੇ ਉਹਨਾਂ ਨਾਲ ਸ਼ਾਮਲ ਹੋਣਗੇ ਕਿ ਬ੍ਰੈਂਪਟਨ ਨੂੰ ਅੱਗੇ ਕਿਵੇਂ ਵਧਾਇਆ ਜਾਵੇ। ਇਹਨਾਂ ਵਿੱਚ ਸ਼ਾਮਲ ਹਨ, ਡੇਵਿਡ ਕ੍ਰੋਮਬੀ (David Crombie) ਅਤੇ ਸਟੀਫਨ ਲੇਵਿਸ (Stephen Lewis)। ਸ਼ਾਮਲ ਹੋਣ ਵਾਲਿਆਂ ਨੂੰ ਬ੍ਰੈਂਪਟਨ ਦੇ ਰੈਸਟੋਰੈਂਟਾਂ (ਜਦੋਂ ਤੱਕ ਖ਼ਤਮ ਨਹੀਂ ਹੁੰਦਾ) ਤੋਂ ਵਿਅੰਜਨਾਂ ਦਾ ਸੁਆਦ ਲੈਣ ਅਤੇ ਸਥਾਨਕ ਮਨੋਰੰਜਨ ਦਾ ਮਜ਼ਾ ਲੈਣ ਦਾ ਮੌਕਾ ਵੀ ਮਿਲੇਗਾ।

ਬ੍ਰੈਂਪਟਨ 2040 ਸਪੀਕਰ ਸੀਰੀਜ ਇੱਕ ਬਹੁਤ ਵੱਡਾ ਪ੍ਰੋਜੈਕਟ ਹੈ। ਇਸਦਾ ਉਦੇਸ਼ ਬ੍ਰੈਂਪਟਨ 2040 ਪਲਾਨ (Brampton 2040 Plan) (ਨਵਾਂ ਸਰਕਾਰੀ ਪਲਾਨ) ਨੂੰ ਵਿਕਸਿਤ ਕਰਨ ਦਾ ਹੈ। ਇਹ ਉਹਨਾਂ ਕਈ ਕਾਰਜਕਰਮਾਂ ਵਿੱਚੋਂ ਪਹਿਲਾਂ ਕਾਰਜਕਰਮ ਹੋਵੇਗਾ, ਜੋ ਬ੍ਰੈਂਪਟਨ 2040 ਵਿਜ਼ਨ (Brampton 2040 Vision) ਨੂੰ ਇਸ ਧਾਰਣਾ ਕਿ ਸਦੀ ਦੀ ਅਗਲੀ ਤਿਮਾਹੀ ਤੱਕ ਬ੍ਰੈਂਪਟਨ ਕੀ ਬਣੇਗਾ, ਤੋਂ ਬ੍ਰੈਂਪਟਨ ਦੇ ਵਾਧੇ ਵਾਸਤੇ ਮਾਰਗ ਦਰਸ਼ਨ ਕਰਨ ਲਈ ਕਿਰਿਆਸ਼ੀਲ ਪਲਾਨ ਵਿੱਚ ਬਦਲਣ ਵਿੱਚ ਮਦਦ ਕਰਨਗੇ। ਬ੍ਰੈਂਪਟਨ 2040 ਪਲਾਨ, ਹਾਊਸਿੰਗ, ਇੰਡਸਟਰੀ, ਦਫ਼ਤਰਾਂ ਅਤੇ ਦੁਕਾਨਾਂ ਦੇ ਨਾਲ-ਨਾਲ ਸਟ੍ਰੀਟਸ, ਪਾਰਕਾਂ, ਟ੍ਰਾਂਜ਼ਿਟ, ਸਕੂਲਾਂ ਅਤੇ ਰੇਕ੍ਰੀਏਸ਼ਨ ਸਬੰਧੀ ਫੈਸਿਲਿਟੀਜ ਸਮੇਤ, ਵਿਕਾਸਸ਼ੀਲ ਸ਼ਹਿਰ ਵਿੱਚ ਸਹਿਯੋਗ ਕਰਨ ਲਈ ਲੋੜੀਂਦੇ ਇੰਫਰਾਸਟ੍ਰਕਚਰ ਲਈ ਮਾਰਗ ਦਰਸ਼ਨ ਕਰੇਗਾ।

ਬ੍ਰੈਂਪਟਨ 2040 ਸਪੀਕਰ ਸੀਰੀਜ ਦੀ ਸ਼ੁਰੂਆਤ 22 ਜਨਵਰੀ, ਸ਼ਾਮ 7 ਵਜੇ ਤੋਂ ਰਾਤ 9 ਵਜੇ ਤੱਕ ਹੋਵੇਗੀ। ਇਹ ਲਗਾਤਾਰ ਚਾਰ ਬੁੱਧਵਾਰ ਨੂੰ ਹੋਵੇਗੀ। ਦਰਵਾਜੇ ਸ਼ਾਮ 6 ਵਜੇ ਖੁੱਲ੍ਹਣਗੇ। ਸਪੀਕਰਾਂ ਦਾ ਵਰਣਨ ਇਸ ਪ੍ਰਕਾਰ ਹੈ:

**22 ਜਨਵਰੀ**

**ਕੇਨ ਗ੍ਰੀਨਬਰਗ (Ken Greenberg)** ਇੱਕ ਸ਼ਹਿਰੀ ਡਿਜ਼ਾਈਨਰ, ਅਧਿਆਪਕ ਅਤੇ ਲੇਖਕ ਹਨ। ਉਹ ਪਹਿਲਾਂ ਸਿਟੀ ਆਫ ਟੋਰੋਂਟੋ (City of Toronto) ਵਿਖੇ ਅਰਬਨ ਡਿਜ਼ਾਈਨ ਐਂਡ ਆਰਕੀਟੈਕਚਰ (Urban Design and Architecture) ਦੇ ਡਾਇਰੈਕਟਰ ਅਤੇ ਗ੍ਰੀਨਬਰਗ ਕੰਸਲਟੈਂਟਸ (Greenberg Consultants) ਦੇ ਪ੍ਰਿੰਸੀਪਲ ਸਨ।

**ਡੇਵਿਡ ਕ੍ਰੋਮਬੀ (David Crombie)** 1972 ਤੋਂ 1978 ਤੱਕ ਟੋਰੋਂਟੋ ਦੇ ਮੇਅਰ ਅਤੇ ਰੋਇਲ ਕਮਿਸ਼ਨ ਔਨ ਦ ਫਿਊਚਰ ਆਫ ਦ ਟੋਰੋਂਟੋ ਵਾਟਰਫ੍ਰੰਟ (Royal Commission on the Future of the Toronto Waterfront) ਦੇ ਚੇਅਰ ਸਨ। ਉਹ ਕੈਨੇਡਿਅਨ ਅਰਬਨ ਇੰਸਟੀਟਿਊਟ (Canadian Urban Institute) ਦੇ ਪ੍ਰੈਜੀਡੈਂਟ ਅਤੇ ਸੀ.ਈ.ਓ. (CEO) ਸਨ।

**29 ਜਨਵਰੀ**

**ਸਟੀਫਨ ਲੇਵਿਸ (Stephen Lewis)** ਨੇ ਓਨਟੈਰੀਓ ਲੈਜਿਸਲੇਟਿਵ ਅਸੈਂਬਲੀ (Ontario Legislative Assembly) ਦੇ ਮੈਂਬਰ, ਓਨਟੈਰੀਓ ਨਿਊ ਡੈਮੋਕ੍ਰੇਟਿਕ ਪਾਰਟੀ (Ontario New Democratic Party) ਦੇ ਲੀਡਰ, ਯੂਨਾਈਟੇਡ ਨੇਸ਼ਨਸ (United Nations) ਦੇ ਅੰਬੈਸਡਰ ਅਤੇ ਯੂਨਿਸੇਫ (UNICEF) ਦੇ ਡਿਪਟੀ ਐਗਜੀਕਿਉਟਿਵ ਡਾਇਰੈਕਟਰ ਦੇ ਤੌਰ ਤੇ ਕੰਮ ਕੀਤਾ। ਉਹ ਸਟੀਫਨ ਲੇਵਿਸ ਫਾਉਂਡੇਸ਼ਨ (Stephen Lewis Foundation) ਦੇ ਕੋ-ਚੇਅਰ ਅਤੇ ਅੰਤਰਰਾਸ਼ਟਰੀ ਹਿਮਾਇਤੀ ਸੰਗਠਨ ਏਡਸ-ਫ੍ਰੀ ਵਰਲਡ (AIDS-Free World) ਦੇ ਸਹਿ-ਸੰਸਥਾਪਕ ਅਤੇ ਸਹਿ-ਡਾਇਰੈਕਟਰ ਹਨ।

**ਜ਼ਾਹਰਾ ਇਬ੍ਰਾਹਿਮ (Zahra Ebrahim)**, ਸਿਟੀਜ, ਡਿਜ਼ਾਈਨ ਅਤੇ ਗਵਰਨੈਂਸ ਵਾਸਤੇ ਡੇਲੋਟੀ (Deloitte) ਦੇ ਐਗਜੀਕਿਉਟਿਵ ਐਡਵਾਈਜਰ ਅਤੇ ਪੂਰੇ ਕੈਨੇਡਾ ਵਿੱਚ ਰਾਜਨੀਤਿਕ ਅਤੇ ਜਨਤਕ ਹਿੱਤਾਂ ਸਬੰਧੀ ਪਹਿਲਕਦਮੀਆਂ ਦੇ ਸੀਨੀਅਰ ਸਲਾਹਕਾਰ ਹਨ।

**5 ਫਰਵਰੀ**

**ਬ੍ਰੈਡ ਕਿੰਗ (Brad King),** ਲੌਰਡ ਕਲਚਰਲ ਰਿਸੋਰਸਿਜ (Lord Cultural Resources) ਦੇ ਵਾਈਸ ਪ੍ਰੈਜੀਡੈਂਟ ਹਨ, ਜਿੱਥੇ ਉਹਨਾਂ ਨੇ 15 ਤੋਂ ਵੱਧ ਦੇਸ਼ਾਂ ਵਿੱਚ 200 ਤੋਂ ਵੱਧ ਮਿਊਜੀਅਮ ਯੋਜਨਾਬੰਦੀ ਸਬੰਧੀ ਪ੍ਰੋਜੈਕਟਾਂ ਦੀ ਅਗਵਾਈ ਕੀਤੀ ਜਾਂ ਉਹਨਾਂ ਵਿੱਚ ਯੋਗਦਾਨ ਪਾਇਆ।

**ਜਿਲ ਪੇਨਾਲੋਸਾ (Gil Penalosa)**, ਗੈਰ-ਲਾਭ ਸੰਗਠਨ 8 80 ਸਿਟੀਜ (8 80 Cities) ਦੇ ਸੰਸਥਾਪਕ ਅਤੇ ਚੇਅਰ ਅਤੇ ਵਰਲਡ ਅਰਬਨ ਪਾਰਕਸ (World Urban Parks) ਦੇ ਅੰਬੈਸਡਰ ਹਨ। ਉਹ ਦੁਨੀਆਭਰ ਦੇ ਨਿਰਣਾਇਕਾਂ ਅਤੇ ਭਾਈਚਾਰਿਆਂ ਨੂੰ ਇਸ ਬਾਰੇ ਸਲਾਹ ਦਿੰਦੇ ਹਨ ਕਿ ਉਮਰ, ਲਿੰਗ, ਯੋਗਤਾ ਅਤੇ ਸਮਾਜਿਕ, ਆਰਥਿਕ ਜਾਂ ਜਾਤੀ ਸਬੰਧੀ ਪਿਛੋਕੜ ਤੇ ਵਿਚਾਰ ਕੀਤੇ ਬਿਨਾਂ, ਸਾਰਿਆਂ ਲਈ ਜੋਸ਼ੀਲੇ ਸ਼ਹਿਰ ਅਤੇ ਸਿਹਤਮੰਦ ਭਾਈਚਾਰੇ ਕਿਵੇਂ ਬਣਾਏ ਜਾਣ।

**ਪਾਮੇਲਾ ਬਲੇਸ (Pamela Blais)**, ਇੱਕ ਅਰਬਨ ਪਲਾਨਰ ਅਤੇ ਮੈਟਰੋਪੋਲ ਕੰਸਲਟੈਂਟਸ ਲਿ. (Metropole Consultants Ltd.) ਦੀ ਪ੍ਰਿੰਸੀਪਲ ਹਨ। ਉਹ ਸ਼ਹਿਰੀ ਮੁੱਦਿਆਂ ਦਾ ਵਿਸ਼ਲੇਸ਼ਣ ਕਰਨ ਅਤੇ ਨਵੀਨਤਾਕਾਰੀ ਨੀਤੀ ਵਿਕਸਿਤ ਕਰਨ ਵਿੱਚ ਯੋਜਨਾਬੰਦੀ, ਆਰਥਿਕ ਅਤੇ ਵਾਤਾਵਰਣ ਸਬੰਧੀ ਸੋਚ-ਵਿਚਾਰ ਏਕੀਕ੍ਰਿਤ ਕਰਕੇ ਬਿਹਤਰ ਸ਼ਹਿਰ ਬਣਾਉਣ ਤੇ ਧਿਆਨ ਕੇਂਦਰਿਤ ਕਰਦੇ ਹਨ।

**12 ਫਰਵਰੀ**

**ਇਆਨ ਲੌਕਵੁੱਡ (Ian Lockwood)** ਲਾਈਵੇਬਲ ਟ੍ਰਾਂਸਪੋਰਟੇਸ਼ਨ ਇੰਜੀਨੀਅਰ (Livable Transportation Engineer) ਹਨ। ਉਹਨਾਂ ਨੇ ਕਈ ਸ਼ਹਿਰੀ ਅਤੇ ਉਪ-ਸ਼ਹਿਰੀ ਥਾਵਾਂ ਤੇ ਬਿਹਤਰ ਨਤੀਜੇ ਹਾਸਲ ਕਰਨ ਵਿੱਚ ਮਦਦ ਲਈ “ਸਿਟੀ ਸਟ੍ਰਕਚਰ” (ਜਿਵੇਂ ਸਟ੍ਰੀਟ ਨੈੱਟਵਰਕ ਅਤੇ ਓਪਨ ਸਪੇਸਿਜ) ਵਿੱਚ ਆਪਣੀ ਮੁਹਾਰਤ ਦਾ ਇਸਤੇਮਾਲ ਕੀਤਾ।

**ਡੈਨ ਬਰਡਨ (Dan Burden)** ਬਲੂ ਜ਼ੋਨਸ (Blue Zones) ਵਿਖੇ ਇਨੋਵੇਸ਼ਨ ਐਂਡ ਇੰਸਪਿਰੇਸ਼ਨ (Innovation and Inspiration) ਦੇ ਡਾਇਰੈਕਟਰ ਅਤੇ ਵਾਕੇਬਲ ਐਂਡ ਲਾਈਵੇਬਲ ਕਮਿਉਨਿਟੀਜ ਇੰਸਟੀਟਿਊਟ (Walkable and Livable Communities Institute) ਦੇ ਪੂਰਵ ਐਗਜੀਕਿਉਟਿਵ ਡਾਇਰੈਕਟਰ ਹਨ। ਇਹ ਇੱਕ ਗੈਰ-ਲਾਭ ਸੰਗਠਨ ਹੈ, ਜੋ ਪੂਰੇ ਉੱਤਰੀ ਅਮਰੀਕਾ (North America) ਅਤੇ ਦੁਨੀਆਭਰ ਵਿੱਚ, ਸਿਹਤਮੰਦ, ਜੁੜੇ ਹੋਏ ਭਾਈਚਾਰੇ ਬਣਾਉਣ ਲਈ ਕੰਮ ਕਰਦਾ ਹੈ।

**ਜੋ ਮਿਨਿਕੋਜ਼ੀ (Joe Minicozzi)** ਜ਼ਮੀਨ ਦੀ ਵਰਤੋਂ, ਸ਼ਹਿਰੀ ਡਿਜ਼ਾਈਨ ਅਤੇ ਅਰਥਚਾਰੇ ਬਾਰੇ ਸੋਚਣ ਅਤੇ ਉਸਦੇ ਬਾਹਰਲੇ ਰੂਪ ਨੂੰ ਦੇਖਣ ਦੇ ਨਵੇਂ ਤਰੀਕੇ ਸੋਚਣ ਵਾਲੇ ਅਰਬਨ ਪਲਾਨਰ ਹਨ। 2017 ਵਿੱਚ, ਜੋ ਨੂੰ ਸਦਾਬਹਾਰ 100 ਸਭ ਤੋਂ ਵੱਧ ਪ੍ਰਭਾਵਸ਼ਾਲੀ ਸ਼ਹਿਰੀ ਯੋਜਨਾਕਾਰਾਂ (Most Influential Urbanists) ਵਿੱਚੋਂ ਇੱਕ ਦੇ ਤੌਰ ਤੇ ਮਾਨਤਾ ਦਿੱਤੀ ਗਈ ਸੀ।

ਬ੍ਰੈਂਪਟਨ 2040 ਸਪੀਕਰ ਸੀਰੀਜ ਅਤੇ ਬ੍ਰੈਂਪਟਨ 2040 ਪਲਾਨ ਬਾਰੇ ਹੋਰ ਜਾਣਕਾਰੀ www.brampton.ca/2040speakerseries ਤੇ ਪ੍ਰਾਪਤ ਕਰੋ। ਰਜਿਸਟਰੇਸ਼ਨ ਜ਼ਰੂਰੀ ਹੈ, ਪਰ ਟਿਕਟਾਂ ਮੁਫ਼ਤ ਹਨ ਅਤੇ ਟਿਕਟਾਂ ਵਾਸਤੇ ਇੱਥੇ (here) ਬੇਨਤੀ ਕੀਤੀ ਜਾ ਸਕਦੀ ਹੈ।

**ਹਵਾਲੇ**

"ਬ੍ਰੈਂਪਟਨ 2040 ਸਪੀਕਰ ਸੀਰੀਜ ਇੱਕ ਰੋਮਾਂਚਕ ਕਾਰਜਕਰਮ ਹੈ। ਇਹ ਬ੍ਰੈਂਪਟਨ ਵਾਸੀਆਂ ਨੂੰ ਦੁਨੀਆ ਦੇ ਪ੍ਰਸਿੱਧ ਲੀਡਰਾਂ ਤੋਂ ਪ੍ਰੇਰਨਾ ਲੈਣ ਦੇ ਨਾਲ-ਨਾਲ ਇਸ ਬਾਰੇ ਵਿਚਾਰ ਸਾਂਝੇ ਕਰਨ ਦਾ ਮੌਕਾ ਮੁਹੱਈਆ ਕਰੇਗਾ ਕਿ ਬ੍ਰੈਂਪਟਨ ਸਦੀ ਦੀ ਅਗਲੀ ਤਿਮਾਹੀ ਕੀ ਬਣਨਾ ਚਾਹੀਦਾ ਹੈ। ਮੈਂ ਸਾਰੇ ਨਿਵਾਸੀਆਂ ਨੂੰ ਉਤਸ਼ਾਹਿਤ ਕਰਦਾ ਹਾਂ ਕਿ ਉਹ ਇਸ ਵਿੱਚ ਸ਼ਾਮਲ ਹੋਣ ਅਤੇ ਆਪਣੇ ਲਈ ਮਹੱਤਵਪੂਰਣ ਮੁੱਦਿਆਂ ਤੇ ਆਪਣੀ ਰਾਏ ਦੇਣ। ਇਕੱਠੇ, ਅਸੀਂ ਬ੍ਰੈਂਪਟਨ 2040 ਦੇ ਸਫ਼ਰ ਤੇ ਹਾਂ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

"ਨਿਵਾਸੀਆਂ ਨੂੰ ਬ੍ਰੈਂਪਟਨ 2040 ਸਪੀਕਰ ਸੀਰੀਜ ਵਿੱਚ ਸ਼ਾਮਲ ਹੋਣ ਅਤੇ ਇਸ ਬਾਰੇ ਵਿਚਾਰ ਸਾਂਝੇ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ ਕਿ ਸਿਟੀ ਇੱਕ ਸਥਿਰ, ਸ਼ਹਿਰੀ, ਜੋਸ਼ੀਲਾ ਅਤੇ ਆਰਥਿਕ ਤੌਰ ਤੇ ਸਫਲ ਰਾਹ ਕਿਵੇਂ ਬਣਾ ਸਕਦੀ ਹੈ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫ਼ਸਰ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca